ਸਾਰੇ ਦੇਸ਼ ਤਾਲਾਬੰਦੀ ਵਿਚ ਢਿੱਲ ਦੇ ਰਹੇ ਹਨ ਜਾਂ ਹਟਾ ਰਹੇ ਹਨ। ਇਸ ਤੋਂ ਸੰਸਾਰ ਸਿਹਤ ਸੰਸਥਾ ਨੇ ਚੇਤਾਵਨੀ ਦਿੱਤੀ ਕਿ ਇਸ ਜਲਦਬਾਜ਼ੀ ਨੂੰ ਗੰਭੀਰ ਨਤੀਜੇ ਭੁਗਤਣ ਦਾ ਕਾਰਨ ਨਹੀਂ ਬਣਨਾ ਚਾਹੀਦਾ।"

ਇਹ ਸੰਸਥਾ ਸਿਹਤ ਸੰਸਥਾ ਦਾ ਕਰੋਨਾ ਵਾਇਰਸ ਬਾਰੇ ਗੰਭੀਰ ਵਿਸ਼ਲੇਸ਼ਣ ਹੈ। ਅਸੀਂ ਇਸ ਬਾਰੇ ਐਨੀ ਗੰਭੀਰਤਾ ਨਾਲ ਨਹੀਂ ਲੈ ਰਹੇ। ਸਾਡੇ ਸ਼ਾਸਕ ਤਾਂ ਧਨਾਢਾਂ ਦੇ ਹਿੱਤ ਪੂਰਨ ਲਈ ਆਪਣੀਆਂ ਪਿਨਸ਼ਨਾਂ ਤੇ ਅਯਾਸ਼ੀਆਂ ਕਾਇਮ ਰੱਖਣ ਲਈ ਪਿਨਸ਼ਨਾਂ ਕੱਟ ਲੋ, ਤਨਖਾਹਾਂ ਕੱਟ ਦਿਓ, ਮਹਿੰਗਾਈ ਵਧਦੀ ਚੱਲੇ ਜਿਵੇਂ ਕਿ ਤੇਲ ਦਾ ਕੌਮਾਂਤਰੀ ਮੰਡੀ 'ਚ ਰੇਟ ਸਹੀ ਕਰੰਸੀ ਮੁਤਾਬਕ ਵੀਹ ਰੁਪਏ ਲੀਟਰ ਹੈ ਅਤੇ ਸਾਨੂੰ 75-85 ਦੇ ਹਿਸਾਬ ਨਾਲ ਡੀਜ਼ਲ ਪੈਟਰੋਲ ਮਿਲ ਰਿਹਾ ਹੈ। ਗਰੀਬ ਨੇ ਤਾਂ ਪੇਠਾ ਜਾਂ ਘੀਆ ਕੱਦੂ ਜਾਂ ਦਾਲਾਂ ਹੀ ਖਾਣੀਆਂ ਹਨ। ਉਹਨਾਂ ਨੂੰ ਕਹਿ ਰਹੇ ਹਨ ਕਿ ਤਰ੍ਹਾਂ-ਤਰ੍ਹਾਂ ਦੇ ਹੱਥ ਲੱਗਣ ਨਾਲ ਵਾਇਰਸ ਦਾ ਖ਼ਤਰਾ ਹੈ। ਪਰ ਸ਼ਰਾਬ ਦੀ ਬੋਤਲ ਦਾ ਕੋਈ ਪੁਤਲਾ ਨਹੀਂ। ਕੀ ਸ਼ਰਾਬ ਰੋਟੀ ਦੀ ਥਾਂ ਲੈ ਸਕਦੇ ਹੋ? ਸ਼ਰਾਬ ਦੀ ਬੋਤਲ ਡੇਢ ਸੌ ਤੋਂ ਲੈ ਕੇ ਹਜ਼ਾਰਾਂ ਵਿਚ ਮਿਲਦੀ ਹੈ। ਇਸ ਦੀ ਕੀਮਤ ਵਿਚ ਗੁਜਾਰਾ ਚਲਾਓ, ਪਰਿਵਾਰਾਂ 'ਚ ਬੋਤਲ ਦੀ ਕੀਮਤ ਦੇ ਵਿਚ ਕਿੰਨਾ ਦੁੱਧ ਆ ਸਕਦਾ ਹੈ? ਕਿੰਨੀ ਸਬਜ਼ੀ ਆ ਸਕਦੀ ਹੈ। ਕਿੰਨਾ ਆਟਾ, ਲੂਣ, ਤੇਲ ਆ ਸਕਦਾ ਹੈ। ਇਹ ਧਰਾਤਲੀ ਹਕੀਕਤ ਹਾਕਮਾਂ ਦੀ ਨਜ਼ਰ ਹੇਠ ਨਹੀਂ। ਸਿਰਫ਼ ਸ਼ਰਾਬ ਦੇ ਠੇਕੇ ਦਿਸ ਰਹੇ ਹਨ। ਹੁਣ ਲਾਕਡਾਊਨ ਵਿਚ ਨਾਕੇ ਤੇ ਲੋਕ ਇਹ ਦੱਸਕੇ ਘੁੰਮਿਆ ਕਰਨਗੇ ਕਿ ਅਸੀਂ ਠੇਕੇ ਤੇ ਸ਼ਰਾਬ ਲੈਣ ਚੱਲੇ ਹਾਂ। ਕੀ ਦਵਾਈ ਲੈਣ ਜਾਣ ਵਾਂਗ ਸ਼ਰਾਬ ਦੇ ਠੇਕੇ ਤੇ ਜਾਣ ਲਈ ਵੱਖਰੇ ਪਾਸ ਬਣਿਆ ਕਰਨਗੇ? ਪੰਜਾਬੀ ਵਿਚ ਕਹਾਵਤ ਹੈ ਕਿ "ਇਕ ਊ ਕਮਲੀ ਦੂਜੀ ਪੈ ਗਈ ਸਿਵਿਆਂ ਦੇ ਰਾਹ" ਇਕ ਤਾਂ ਲੋਕ ਗਰੀਬ ਅਤੇ ਗਮਪਨ ਤੱਕ ਦੂਸਰਾ ਸਮੇਂ ਦੇ ਹਾਕਮ ਵੀ ਉਹਨਾਂ ਨੂੰ ਮੌਤ ਦੇ ਮੂੰਹ ਧਕੇਲ ਰਹੇ ਹਨ ਜਿਵੇਂ ਕਿ ਚਿੱਟੇ ਨਸ਼ੇ ਦਾ ਵਪਾਰ।

ਇਹ ਵੀ ਕਿਸੇ ਕਰੋਨੇ ਨਾਲੋਂ ਘੱਟ ਨਹੀਂ। ਦੂਸਰੇ ਪਾਸੇ ਦੂਰਦਰਸ਼ੀ ਸੋਚ ਰੱਖਣ ਵਾਲਿਆਂ ਨੇ ਇਸ ਵਾਇ੍ਰਸ ਦੀ ਗੰਭੀਰਤਾ ਬਾਰੇ ਘੱਟੋ ਘੱਟ ਦੋ ਸਾਲ ਲਈ ਬਚਣ ਦੇ ਕੁਝ ਨੁਕਤੇ ਦੱਸਦਿਆਂ ਕਿਹਾ ਹੈ ਕਿ ਇਹ ਕਿਸਮਤ ਦਾ ਜਾਂ ਰੱਬ ਦਾ ਕੀਤਾ ਨਹੀਂ ਹੈ। ਇਹ ਤਾਂ ਬੰਦੇ ਦਾ ਆਰਥਿਕ ਲਾਹੇ ਖਾਤਰ ਕੀਤੀ ਗਈ ਲੋਕ ਮਾਰੂ ਨਿਸ਼ਾਨੀ ਹੈ। ਅਜੇ ਕਿਸੇ ਧਿਰ ਨੂੰ ਕਲੀਨ ਚਿੱਟ ਦੇਣਾ ਸੰਭਵ ਨਹੀਂ। ਪਤਾ ਨਹੀਂ ਇਸ ਸਾਜ਼ਿਸ਼ ਦੇ ਸੱਚ ਨੂੰ ਬਾਹਰ ਆਉਣ ਵਿਚ ਕਿੰਨਾ ਚਿਰ ਲੱਗ ਜਾਵੇ। ਜਿਵੇਂ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਮੌਤ ਦੀ ਸੱਚਾਈ, 1947 ਦੇ ਗਾਂਧੀ, ਜਿਨਾਹ, ਨਹਿਰੂ ਤੇ ਮਾਊਂਟਬੈਟਨ ਦੀ ਖਿੱਚੜੀ ਦੀ ਸੱਚਾਈ, 1984 ਦੇ ਦੰਗਿਆਂ ਦੀ, ਉਪਰੇਸ਼ਨ ਨੀਲਾ ਤਾਰਾ ਦੀ ਕਈ ਕਮਿਸ਼ਨ ਬਣਨਾ ਤੇ ਵੀ ਸੱਚਾਈ ਬਾਹਰ ਨਹੀਂ ਆਉਣ ਦਿੱਤੀ। ਇਹਨਾਂ ਬਾਰੇ ਸਭ ਨੇ ਆਪਣੇ ਅਨੁਭਵ ਹੀ ਦੱਸੇ ਹਨ। ਉਸੇ ਤਰ੍ਹਾਂ ਇਹ ਕਰੋਨਾ ਵਾਇਰਸ ਦੀ ਸੱਚਾਈ ਦਾ ਸਬੰਧ ਹੈ।

ਵਰਤਮਾਨ ਸਮੇਂ ਜੋ ਨੁਕਤੇ ਹਨ ਉਹ ਇਸ ਤਰ੍ਹਾਂ ਹਨ- (1) ਦੋ ਸਾਲ (2022) ਤੱਕ ਵਿਦੇਸ਼ ਯਾਤਰਾ ਨਾ ਕੀਤੀ ਜਾਵੇ। (2) ਇਕ ਸਾਲ ਤੱਕ ਬਾਹਰਲਾ ਖਾਣਾ ਫਾਸਟ ਫੂਡ ਆਦਿ ਨਾ ਖਾਧਾ ਜਾਵੇ ਚਾਹੇ ਉਹ ਬਰਾਇਡ ਵੀ ਕਿਉਂ ਨਾ ਹੋਵੇ। (3) ਗ਼ੈਰ ਜ਼ਰੂਰੀ ਵਿਆਹ ਸ਼ਾਦੀਆਂ ਜਾਂ ਹੋਰ ਇਕੱਠਾ ਵਿਚ ਜਾਣ ਤੋਂ ਸੰਕੋਚ ਕੀਤਾ ਜਾਵੇ। (4) ਬੇਲੋੜੀ ਯਾਤਰਾ ਨਾਂ ਕੀਤੀ ਜਾਵੇ। (5) ਘੱਟੋ ਘੱਟ ਇਕ ਸਾਲ ਕਿਸੇ ਵੀ ਭੀੜ ਵਾਲੇ ਸਥਾਨ ਤੇ ਨਾਂ ਜਾਵੋ। (6) ਵਿਅਕਤੀਗਤ ਦੂਰੀ ਦਾ ਪਾਲਣ ਕੀਤਾ ਜਾਵੇ। (7) ਜਿਸ ਵਿਅਕਤੀ ਨੂੰ ਖਾਂਸ਼ੀ ਜ਼ੁਕਾਮ ਰਹੇ ਉਸ ਤੋਂ ਦੂਰ ਰਹੋ। (8) ਚੇਹਰੇ ਤੇ ਮਾਸਕ ਰੱਖੋ। (9) ਮੌਜੂਦਾ ਸਮੇਂ ਬਹੁਤ ਧਿਆਨ ਰੱਖਿਆ ਜਾਵੇ। (10) ਆਪਣੇ ਆਸਪਾਸ ਗੰਦਗੀ ਨਾ ਰੱਖੋ, ਸਫ਼ਾਈ ਰੱਖੋ। (11) ਸਿਰਫ਼ ਸ਼ਾਕਾਹਾਰੀ ਭੋਜਨ ਖਾਧਾ ਜਾਵੇ ਮਾਸਾਹਾਰੀ ਭੋਜਨ ਤੋਂ ਦੂਰ ਰਿਹਾ ਜਾਵੇ। (12) ਘੱਟੋ-ਘੱਟ ਛੇ ਮਹੀਨੇ ਸਿਨੇਮਾ ਦੇਖਣ, ਮਾਲ ਜਾਂ ਬਜ਼ਾਰ ਵਿਚ, ਪਾਰਕਾਂ ਅਤੇ ਪਾਰਟੀਆਂ ਵਿਚ ਨਾ ਜਾਵੋ। (13) ਆਪਣੇ ਸਰੀਰ ਅੰਦਰ ਬਿਮਾਰੀਆਂ ਨਾਲ ਲੜਨ ਦੀ ਤਾਕਤ (ਇਮਊਨਿਟੀ) ਨੂੰ ਵਧਾਓ। (14) ਹਜ਼ਾਮਤ ਕਰਵਾਉਣ ਜਾਂ ਬਿਊਟੀ ਪਾਰਲਰ ਜਾਂਦੇ ਸਮੇਂ ਖਾਸ ਧਿਆਨ ਰੱਖੋ। (15) ਬਿਨਾਂ ਜ਼ਰੂਰਤ ਤੋਂ ਮਿਲਣਾ ਜੁਲਣਾ ਬੰਦ ਕੀਤਾ ਜਾਵੇ ਅਤੇ ਆਪਸੀ ਦੂਰੀ ਦਾ ਧਿਆਨ ਰੱਖਿਆ ਜਾਵੇ। (16) ਕਰੋਨਾ ਦਾ ਖ਼ਤਰਾ ਅਜੇ ਸਮਾਪਤ ਹੋਣ ਵਾਲਾ ਨਹੀਂ ਹੈ ਅਤੇ 2022 ਤੱਕ ਸਾਰੇ ਲੋਕ ਸਾਵਧਾਨੀ ਵਰਤਣ।

ਆਪਣੀ ਜ਼ਿੰਦਗੀ ਨੂੰ ਸਲਾਮਤ ਰੱਖਣ ਲਈ ਹੈ ਇਹ ਚੁਣੌਤੀਆਂ ਹਰ ਮਨੁੱਖ ਦੇ ਸਾਹਮਣੇ ਹਨ। ਮਜ਼ਦੂਰ ਕੀ ਕਰੂ? ਕਿਸਾਨ ਕੀ ਕਰੂ? ਸਕੂਲ ਕਾਲਜ ਨਿਰੰਤਰ ਕਿਵੇਂ ਚੱਲਣਗੇ? ਕਾਰਖਾਨੇ ਕਿੰਵੇਂ ਚੱਲਣਗੇ? ਬੱਸਾਂ, ਰੇਲਾਂ ਤੇ ਹਵਾਈ ਜਹਾਜ਼ ਵਿਚ ਆਪਸੀ ਦੂਰੀ ਕਿਵੇਂ ਰਹੂ?

ਇਹ ਸਵਾਲ ਵੀ ਆਪਣੀ ਥਾਂ ਜਾਇਜ਼ ਹਨ। ਇਕ ਤਰ੍ਹਾਂ ਨਾਲ ਸਭ ਠੱਪ ਹੈ ਤੇ ਆਰਥਿਕ ਮੰਦਵਾੜਾ ਯਕੀਨੀ ਹੈ। ਅਜੇ ਕੌਮਾਂਤਰੀ ਪੱਧਰ ਤੇ ਤਕੜੇ ਮੁਲਕਾਂ ਨੇ ਆਪਣੀ ਕਿੜ ਕਿਵੇਂ ਕੱਢਣੀ ਹੈ ਉਹ ਵੱਖਰਾ ਵਿਸ਼ਾ ਹੈ। ਅੱਗੇ ਖੂਹ ਪਿੱਛੇ ਖਾਤਾ ਹੈ। ਕਰੋਨਾ ਮਨੁੱਖਤਾ ਦਾ ਘੋਰ ਸੰਕਟ ਹੈ।

ਫਿਲਹਾਲ ਤਾਂ ਆਮ ਮਨੁੱਖ ਤੇ ਵੀ ਡਾ. ਜਗਤਾਰ ਦੀ ਇਸ ਗ਼ਜ਼ਲ ਨਾਲ ਇਹ ਵਿਸ਼ਾ ਸਮੇਟਦੇ ਹਾਂ ਕਿ ਲੱਖ ਔਂਕੜਾਂ ਦੇ ਬਾਵਜੂਦ ਜਿਊਣਾ ਤਾਂ ਪੈਣਾ ਹੈ। ਇਹ ਸੋਚ ਕੇ ਤੁਰਦੇ ਜਾਓ ਕਿ

**ਹਰ ਮੋੜ ਤੇ ਸਲੀਬਾਂ,**
**ਧਰ ਪੈਰ ਤੇ ਹਨ੍ਹੇਰਾ।**
**ਫਿਰ ਵੀ ਅਸੀਂ ਰੁਕੇ ਨਾ,**
**ਸਾਡਾ ਵੀ ਦੇਖ ਜੇਰਾ।**

*****

# ਭਾਰਤ ਦਾ ਵਰਤਮਾਨ ਅਤੇ ਭਵਿੱਖ

ਗੁਰਮੇਲ ਸਿੰਘ ਬੌਡੇ

ਵਰਤਮਾਨ ਸਮੇਂ ਭਾਰਤ ਸਵਰਪੱਖੀ ਸੰਕਟ ਵਿਚੋਂ ਲੰਘ ਰਿਹਾ ਹੈ। ਹੁਕਮਰਾਨ ਧਾਰਮਿਕ ਕੱਟੜਤਾ, ਤੰਗਨਜ਼ਰੀਆ, ਵਿਸ਼ਵ ਗੁਰੂ, ਸਿਆਸਤ ਵਿਚ ਝੂਠ, ਕਪਟ, ਭ੍ਰਿਸ਼ਟਾਚਾਰ ਤੇ ਸਵਾ ਪੰਜ ਲੱਖ ਵੀ.ਵੀ.ਆਈ.ਪੀ. ਦੀ ਫੌਜ ਦੇਸ਼ ਨੂੰ ਚਿਚੜੀਆਂ ਵਾਂਗ ਚਿੰਬੜੀ ਹੋਈ ਹੈ। ਸਿਰਫ਼ ਪੰਜਾਹ ਘਰਾਣਿਆਂ ਦੀਆਂ ਸਾਢੇ ਅਠਾਹਟ ਹਜ਼ਾਰ ਤੋਂ ਉੱਪਰ ਦੇਣਦਾਰੀਆਂ ਤੇ ਲੀਕ ਫੇਰੀ ਜਾ ਰਹੀ ਹੈ। ਏਅਰ ਇੰਡੀਆ, ਰੇਲਵੇ ਤੇ ਹੋਰ ਸਰਕਾਰੀ ਅਦਾਰੇ ਵੇਚੇ ਜਾ ਰਹੇ ਹਨ। 30% ਖੇਤੀਬਾੜੀ ਸੈਕਟਰ ਨੂੰ ਪ੍ਰਾਈਵੇਟ ਅਦਾਰਿਆਂ ਦੇ ਰਹਿਮੋ-ਕਰਮ ਤੇ ਛੱਡਿਆ ਜਾ ਰਿਹਾ ਹੈ। ਵਿਕਾਸ ਦਰ 7% ਤੋਂ ਦੋ ਪ੍ਰਤੀਸ਼ਤ ਤੇ ਆ ਗਈ ਹੈ। ਦੂਸਰੇ ਪਾਸੇ ਕਰੋਨਾ ਮਹਾਂਮਾਰੀ ਨਾਲ ਅੱਠ ਲੱਖ ਤੋਂ ਵੱਧ ਮਾਮਲੇ ਅੱਜ ਦੀ ਤਰੀਕ ਵਿਚ ਆ ਚੁੱਕੇ ਹਨ। ਦੇਸ਼ ਵਿਚ 66 ਹਜ਼ਾਰ ਦੀ ਮੌਤ ਦਾ ਅੰਕੜਾ ਸਾਨੂੰ ਪੀੜਤ ਮੁਲਕਾਂ ਵਿਚ ਚੌਥੇ ਸਥਾਨ ਤੇ (ਗਿਣਤੀ ਪੱਖੋਂ) ਲਿਜਾਣ ਵਾਲਾ ਹੈ। ਜਿਸ ਕਾਰਨ ਹਜ਼ਾਰਾਂ ਮਜ਼ਦੂਰ ਰੋਟੀ ਤੋਂ ਆਤੁਰ ਹੋ ਕੇ ਲਹੂ ਭਿੱਜੇ ਪੈਰਾਂ ਨਾਲ 1947 ਵਾਂਗ ਅਨੇਕਾਂ ਹੀ ਦੁਸ਼ਵਾਰੀਆਂ ਝੱਲਦੇ ਹੋਏ ਹਜ਼ਾਰਾਂ ਮੀਲਾਂ ਦੀ ਪੈਦਲ ਯਾਤਰਾ ਕਰ ਚੁੱਕੇ ਹਨ ਜਦਕਿ ਪ੍ਰਧਾਨ ਮੰਤਰੀ (ਇਕੱਲੇ ਦਾ) ਹਰ ਰੋਜ਼ ਦਾ ਡੇਢ ਕਰੋੜ ਤੋਂ ਉੱਪਰ ਪ੍ਰਤੀ ਦਿਨ ਦਾ ਖਰਚਾ ਹੈ। ਕਰੋਨਾ ਪੀੜਤਾਂ ਨੂੰ ਖੁਦ ਮੱਦਦ ਕਰਨ ਦੀ ਥਾਂ ਪ੍ਰਧਾਨ ਮੰਤਰੀ ਰਾਹਤਕੋਸ਼ ਲਈ ਤੇ ਮੁੱਖ ਮੰਤਰੀਆਂ ਵੱਲੋਂ ਰਾਹਤ ਕੋਸ਼ਾਂ ਵੱਲੋਂ ਲੋਕਾਂ ਕੋਲੋਂ ਹੀ ਦਾਨ ਮੰਗਿਆ ਜਾ ਰਿਹਾ ਹੈ। ਇਹਨਾਂ ਰਾਹਤਕੋਸ਼ਾਂ ਦਾ ਕੋਈ ਵੀ ਸਰਕਾਰੀ ਆਡਿਟ ਨਹੀਂ ਹੈ। ਉਹ ਇਸ ਰਾਹਤ ਫੰਡ ਨੂੰ ਜਿੱਥੇ ਮਰਜ਼ੀ ਵਰਤਣ। ਇਸ ਔਖੀ ਘੜੀ ਵਿਚ ਜਦੋਂ ਦੁਨੀਆਂ ਵਿਚ ਤੇਲ ਕੀਮਤਾਂ ਘੱਟ ਰਹੀਆਂ ਹਨ ਤਾਂ ਸਾਡੇ ਦੇਸ਼ ਵਿਚ ਲਾਕਡਾਊਨ ਦੌਰਾਨ ਹਰ ਦੂਜੇ ਚੌਥੇ ਦਿਨ ਵਧਾਈਆਂ ਜਾ ਰਹੀਆਂ ਹਨ। ਇਸ ਆਫਤ ਦੇ ਸਮੇਂ ਤਾਬੂਤਾਂ ਦੇ ਘਪਲਿਆਂ ਵਾਂਗ ਕਰੋਨਾ ਟੈਸਟ ਕਿੱਟਾਂ ਅਤੇ ਪ੍ਰਾਈਵੇਟ ਹਸਪਤਾਲਾਂ ਦੇ ਮਹਿੰਗੇ ਇਲਾਜਾਂ ਦੇ ਸਕੈਂਡਲ ਨੰਗੇ ਹੋ ਰਹੇ ਹਨ। ਇਕ ਘਰ ਤਾਂ ਡੈਣ ਵੀ ਛੱਡ ਦਿੰਦੀ ਹੈ। ਜੇ ਇਹ ਆਫ਼ਤ ਸਮੇਂ ਨੂੰ ਲਾਹਾ ਖੱਟਣ ਦਾ ਮੌਕਾ ਸਮਝ ਰਹੀ ਹੈ ਤਾਂ ਫਿਰ ਲੋਕ ਕਿਸ ਦੇਸ਼ ਨੂੰ ਆਪਣਾ ਕਹਿਣ ਅਤੇ ਰਾਜਸੀ ਸਿਸਟਮ ਹੀ ਆਪਣੇ ਖਿਲਾਫ਼ ਲੋਕ ਵਿਰੋਧ ਪੈਦਾ ਕਰ ਰਿਹਾ ਹੈ।

ਦੁਨੀਆਂ ਦਾ ਦਾਅਵਾ ਹੈ ਕਿ ਕਰੋਨਾ ਵਾਇਰਸ ਦੀ ਅਧਾਰਸ਼ਿਲਾ ਚੀਨ ਨੇ ਰੱਖੀ ਹੈ ਅਤੇ ਬਚਾਓ ਕਿੱਟਾਂ ਵੀ ਚੀਨ ਦੀਆਂ ਹਨ। ਸੌਦੇ ਹੋਏ ਤੇ ਕਮਿਸ਼ਨ ਖਾਧੇ ਜਾ ਚੁੱਕੇ ਹਨ। ਚੀਨ ਹਰ ਚੀਜ਼ ਖਾਣ ਪੀਣ ਤੋਂ ਲੈ ਕੇ ਕਾਰਾਂ, ਸਾਈਕਲ, ਮੋਬਾਈਲ, ਟੈਲੀਵੀਜ਼ਨ ਤੇ ਹੋਰ ਬਨਾਵਟੀ ਨਿੱਕ ਸੁੱਕ ਬਣਾ ਕੇ ਕੌਮਾਂਤਰੀ ਮੰਡੀ ਵਿਚ ਪੈਰ ਜਮਾ ਚੁੱਕੇ ਹੈ ਅਤੇ ਉਸ ਦੀ ਆਰਥਿਕਤਾ, ਵਪਾਰ ਕੌੜੀ ਵੇਲ ਵਾਂਗ ਵਧ ਚੁੱਕਾ ਹੈ। ਉਹ ਵੀਅਤਨਾਮ, ਮਲੇਸ਼ੀਆ, ਫਿਲਪਾਈਨ ਨੂੰ ਵੀ ਤੇਵਰ ਦਿਖਾ ਰਿਹਾ ਹੈ। ਹੁਣ ਭਾਰਤ ਵੀ ਇਸ ਲੜੀ ਵਿਚ ਸ਼ਾਮਲ ਹੈ। ਉਹ ਭਾਰਤ ਜੋ ਹਰ ਸਾਲ 71 ਅਰਬ ਡਾਲਰ ਫੌਜ ਤੇ ਖਰਚ ਰਿਹਾ ਹੈ ਚੀਨ ਦੇ ਸਾਹਮਣੇ ਭਿੱਜੀ ਬਿੱਲੀ ਹੈ। ਉਂਜ ਸ਼ਰਾਬੀ ਵਾਂਗ ਫਕੇ ਲਲਕਾਰੇ ਜਿੰਮੇ ਮਰਜ਼ੀ ਮਾਰੀ ਜਾਵੇ। ਭਾਰਤ ਭਾਵੇਂ ਖੁਦ ਆਰਥਿਕ ਲੀਹੋ ਲਹਿ ਚੁੱਕਾ ਹੈ ਪਰ ਵਿਸ਼ਵੀਕਰਨ ਦੇ ਧੱਕੜ ਸਾਮਰਾਜੀਏ ਇਸਨੂੰ ਵੱਡੀ ਆਰਥਿਕ ਮੰਡੀ ਸਮਝਦੇ ਹਨ। ਭਾਰਤ ਐਤ ਚੀਨ ਦੋਵੇਂ ਮੁਲਕ ਅਬਾਦੀ ਪੱਖੋਂ ਵਿਸ਼ਵ ਦਾ ਅੱਧ ਹਨ। ਚੀਨ ਆਰਥਿਕ ਦੌੜ ਵਿਚ ਅਮਰੀਕਾ, ਰੂਸ, ਜਪਾਨ ਤੇ ਹੋਰ ਮੁਲਕਾਂ ਨੂੰ ਪਿੱਛੇ ਛੱਡ ਗਿਆ ਹੈ। ਅਮਰੀਕਾ, ਇੰਗਲੈਂਡ, ਫਰਾਂਸ ਆਦਿ ਵਰਗੇ ਹੋਰ ਯੋਰਪੀ ਮੁਲਕਾਂ ਲਈ ਏਸ਼ੀਆ ਮਹਾਂਦੀਪ ਦੇ ਵਿਕਾਸਸ਼ੀਲ ਮੁਲਕ ਹੀ ਮੰਡੀ ਦੇ ਰੂਪ ਵਿਚ ਬਚੇ ਹਨ। ਜਿਵੇਂ ਜੰਗਲੀ ਜਾਨਵਰਾਂ ਵਾਂਗ ਦੋ ਸ਼ੇਰ ਭਾਵੇਂ ਵੱਖ-ਵੱਖ ਜੰਗਲਾਂ ਦੇ ਹੋਣ ਪਰ ਉਹਨਾਂ ਦੇ ਸ਼ਿਕਾਰ ਪੈਂਤੜੇ ਇੱਕੋ ਜੇਹੇ ਹੁੰਦੇ ਹਨ। ਏਹੀ ਉਦਾਹਰਨ ਚੀਨ ਅਤੇ ਅਮਰੀਕਾ ਤੇ ਢੁੱਕਦੀ ਹੈ। ਅਮਰੀਕਾ ਇਸ ਦੌੜ ਵਿਚ ਫਾਡੀ ਮਹਿਸੂਸ ਕਰਦਾ ਹੈ। ਉਥੇ ਨਸਲੀ ਵਿਤਕਰਾ ਵੀ ਸਿਰ ਚੁੱਕ ਰਿਹਾ ਹੈ। ਜਿਵੇਂ ਭਾਰਤ ਵਿਚ ਐਨ.ਆਰ.ਸੀ.ਸੀ.ਏ.ਬੀ. ਦੇ ਵਿਰੋਧ ਸਿਰ ਚੁੱਕ ਰਹੇ ਸਨ ਜੋ ਕਰੋਨਾ ਕਾਰਨ ਦੱਬ ਗਏ ਤੇ ਕੇਂਦਰ ਸਰਕਾਰ ਇਸ ਆੜ ਵਿਚ ਕਈ ਲੋਕ ਵਿਰੋਧੀ ਕੰਮ ਕਰ ਚੁੱਕੀ ਹੈ।

ਪਹਿਲੇ ਅਤੇ ਦੂਜੇ ਵਿਸ਼ਵ ਯੁੱਧਾਂ ਵਿਚ ਇੰਗਲੈਂਡ ਨੇ ਆਪਣੇ ਅਧੀਨ ਮੁਲਕਾਂ ਨੂੰ ਜਿੰਨਾਂ ਨਵੇਂ ਨਾਮ ਕਾਮਨਵੈਲਥ ਵਜੋਂ ਪੁਕਾਰਿਆ ਜਾਂਦਾ ਹੈ। ਠੇਠ ਪੰਜਾਬੀ ਵਿਚ ਇਸਨੂੰ ਸ਼ਾਮਲਾਟ ਕਹਿ ਸਕਦੇ ਹਾਂ। ਜਿੰਨਾਂ ਨੇ ਸੱਤੀ ਵੀਹੀ ਸੌ ਵਾਲਿਆ ਦਾ ਕਬਜ਼ਾ ਸੀ। ਇਹਨਾਂ ਨੇ ਦੋਹਾਂ ਯੁੱਧਾਂ ਵਿਚ ਆਪਣੀ ਬਸਤੀ ਦੇ ਲੋਕਾਂ ਨੂੰ ਯੁੱਧਾਂ ਦਾ ਬਾਲਣ ਬਣਾਇਆ। 1962 ਵਿਚ ਵੀ ਨਹਿਰੂ ਨੇ ਅਮਰੀਕਾ ਦੀ ਸ਼ਹਿ ਤੇ ਚੀਨ ਨਾਲ ਪੰਗਾ ਲਆ ਸੀ। ਹਾਲਾਂਕਿ ਪੰਚਸ਼ੀਲ ਦੀ ਡੌਂਡੀ ਪਿੱਟਣ ਵਲੇ ਭਾਰਤ ਕੋਲ ਸਮਰੱਥ ਵਾਈ ਫੌਜ ਹੀ ਨਹੀਂ ਸੀ। ਇਸ ਦੀ ਲੋੜ ਤਾਂ ਭਾਰਤ ਦੇ ਰੂਸ ਗੁੱਟ ਵੱਲ ਵਧਦੇ ਕਦਮਾਂਨੇ ਅਮਰੀਕਾ ਦੀ ਸ਼ਹਿ ਤੇ 1965 ਅਤੇ 1971 ਦੇ ਯੁੱਧ ਨੇ ਕਰਵਾਈ। ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ ਤੇ ਭਾਰਤ ਮੁੜ ਉਸ ਚੌਰਾਹੇ ਤੇ ਖੜ੍ਹਾ ਹੈ। ਗਲਵਨ ਘਾਟੀ ਜੋ 1962 ਦੀ ਭਾਰਤ-ਚੀਨ ਯੁੱਧ ਦਾ ਕਾਰਨ ਬਣੀ ਜੋ ਅਕਸਾਈਤੱਕ ਸਿੱਧੀ ਪਹੁੰਚ ਕਰਦੀ ਸੀ। ਇਸ ਤੋਂ ਬਾਅਦ 1975 ਵਿਚ ਭਾਰਤ-ਚੀਨ ਫੌਜੀ ਝੜਪ ਵਿਚ ਕੁਝ ਫੌਜੀ ਸ਼ਹੀਦ ਹੋਏ ਸਨ।

ਹੁਣ 45 ਸਾਲਾਂ ਬਾਅਦ ਹੋਈ ਝੜਪ ਦੌਰਾਨ 15 ਜੂਨ ਨੂੰ ਹੋਈ ਝੜਪ ਵਿਚ ਵੀਹ ਭਾਰਤੀ ਸੈਨਿਕ ਸ਼ਹੀਦ ਹੋਏ ਹਨ। ਜਿੰਨਾਂ ਵਿਚ ਚਾਰ ਪੰਜਾਬ ਦੇ ਹਨ। ਇਕ ਪਾਸੇ ਕੇਂਦਰ ਤੇ ਰਾਜ ਸਰਕਾਰ ਪੰਜਾਬ ਦੇ ਨੌਜਵਾਨ ਨੂੰ ਰੁਜ਼ਗਾਰ ਨਾਂ ਦੇ ਕੇ ਪ੍ਰਵਾਸ ਲਈ ਮਜਬੂਰ ਕਰ ਰਹੀ ਹੈ। ਨਸ਼ਾ ਵੇਚ ਕੇ ਅਰਬਾਂ ਕਮਾ ਕੇ ਹਜ਼ਾਰਾਂ ਨੌਜਵਾਨਾਂ ਨੂੰ ਮਾਰ ਰਹੀ ਹੈ। ਜਿਸ ਦੇ ਜ਼ੁੰਮੇਵਾਰ ਪੰਜਾਬ ਦੇ ਸਿਆਸਤਦਾਨ ਹਨ। ਤੀਸਰਾ ਅੰਗਰੇਜ਼ਾਂ ਵਾਂਗ ਪੰਜਾਬੀਆਂ ਨੂੰ ਯੁੱਧਾਂ ਵਿਚ ਝੋਕ ਕੇ ਘੱਟ ਗਿਣਤੀ ਵਾਲੇ ਪਾਸੇ ਧੱਕ ਰਹੀ ਹੈ। ਕਿਉਂਕਿ ਕਿਸੇ ਰਾਜਸੀ ਨੇਤਾ ਦਾ ਪੁੱਤਰ ਸੈਨਾ ਵਿਚ ਨਹੀਂ ਹੈ। ਜੇ ਹੁੰਦਾ ਵੀ ਤਾਂ ਨਹਿਰੂ ਦੇ ਰਿਸ਼ਤੇਦਾਰ ਜਨਰਲ ਕੌਲ ਵਾਂਗ ਯੁੱਧ ਸਮੇਂ ਉਸ ਨੇ ਵੀ ਸ਼ੈਂਪੂ ਪੀ ਕੇ ਲੂਜ ਮੋਸ਼ਨ ਲੁਆ ਲੈਣੇ ਸਨ। ਅਸੀਂ ਫੇਰ ਸੱਟ ਖਾਧੇ ਸੱਪ ਵਾਂਗ ਵਿਸ਼ ਘੋਲ ਰਹੇ ਅਮਰੀਕਾ ਵੱਲ ਆਉਂਦੇ ਹਾਂ ਜਿਸ ਨੂੰ ਵੀਅਤਨਾਮ ਵਿਚ ਯੁੱਧ ਦਾ 18 ਸਾਲ ਦਾ ਤਜ਼ਰਬਾ ਹੈ। ਅਮਰੀਕਾ ਦਾ ਯੁੱਧ ਇਤਿਹਾਸ ਹਮੇਸ਼ਾ ਹੀ ਅੰਗਰੇਜ਼ ਸ਼ੈਲੀ ਦਾ ਰਿਹਾ ਹੈ। ਜਿਵੇਂ ਕਿ 1992 ਵਿਚ ਉਸ ਨੇ ਇਰਾਨ, ਇਰਾਕ ਤੇ ਕੁਵੈਤ ਦੇ ਯੁੱਧਾਂ ਵਿਚ ਕੀਤਾ ਅਤੇ ਤੇਲ ਭੰਡਾਰ 'ਤੇ ਕਾਬਜ਼ ਹੋਣ ਲਈ ਸਦਾਮ ਹੁਸੈਨ ਦੇ ਹਸ਼ਰ ਤੱਕ ਪਹੁੰਚਿਆ। ਫੇਰ ਉਸਾਮਾ ਬਿਨ ਲਾਦੇਨ ਨੂੰ ਉਭਾਰ ਕੇ ਖੁਮੈਨੀ ਦੀ ਤੰਗ ਕੱਟੜਤਾ ਪੈਦਾ ਕਰਕੇ ਪਾਕਿਸਤਾਨ ਦੇ ਹਵਾਈ ਅੱਡਿਆਂ (ਏਅਰ ਬੇਸ) ਨੂੰ ਆਪਣੇ ਉਦੇਸ਼ ਲਈ ਵਰਤਿਆ ਤੇ ਪਾਕ ਅਮਰੀਕਾ ਤੋਂ ਇਨਕਾਰੀ ਨਹੀਂ ਸੀ ਹੋ ਸਕਦਾ। ਹੁਣ ਵੀ ਏਹੀ ਹੋਵੇਗਾ।

ਵਿਸ਼ਵ ਮੰਡੀ ਵਿਚ ਆਪਣੇ ਪੈਰ ਜਮਾਉਣ ਲਈ ਉਹ ਚੀਨ ਪ੍ਰਤੀ ਹਮਲਾਵਰ ਰੁਖ ਅਪਣਾ ਕੇ ਯੁੱਧ ਵੱਲ ਵਧੇਗਾ ਕਿਉਂਕਿ ਨਵੰਬਰ ਵਿਚ ਅਮਰੀਕਾ ਵਿਚ ਰਾਸ਼ਟਰਪਤੀ ਚੋਣਾਂ ਆ ਰਹੀਆਂ ਹਨ। ਪਾਕਿਸਤਾਨ ਨੂੰ ਚੀਨ ਜਾਂ ਅਮਰੀਕਾ ਵਿਚੋਂ ਇਕ ਨੂੰ ਚੁਣਨਾ ਪਵੇਗਾ। ਚੀਨ ਦੇ ਭਾਰਤ ਪ੍ਰਤੀ ਹਮਲਾਵਰ ਰੁਖ਼ ਪ੍ਰਤੀ ਤਾਂ ਪਾਕਿਸਤਾਨ ਚੀਨ ਦਾ ਸਮਰਥਕ ਹੈ। ਪਰ ਉਹ ਅਮਰੀਕਾ ਨੂੰ ਵੀ ਛੱਡ ਨਹੀਂ ਸਕਦਾ। ਇੰਜ ਪਾਕਿਸਤਾਨ ਦੀ ਹਾਲਤ ਸੱਪ ਦੇ ਮੂੰਹ ਵਿਚ ਆਈ ਕੋਹੜ ਕਿਰਲੀ ਵਾਲੀ ਹੋਵੇਗੀ। ਦੂਸਰੇ ਪਾਸੇ ਭਾਰਤ ਅਤੇ ਚੀਨ ਦੀ 15 ਜੂਨ ਨੂੰ ਫੌਜੀ ਝੜਪ ਹੋ ਚੁੱਕੀ ਹੈ। ਗਲਵਾਨ ਘਾਟੀ ਵਾਂਗ ਇਹ ਝੜਪ ਭਾਰਤ ਦੇ ਭਵਿੱਖ ਵਿਚ ਫੇਰ ਯੁੱਧ ਵੱਲ ਧੱਕੇ ਜਾਣ ਦੀ ਸਥਿਤੀ ਵਿਚ ਜਾ ਸਕਦਾ ਹੈ। ਪਹਿਲੇ ਦੂਜੇ ਸੰਸਾਰ ਯੁੱਧ ਵਿਚ ਇੰਗਲੈਂਡ ਨੂੰ ਹੋਏ ਫਾਇਦੇ ਵਾਂਗ ਇਸਦਾ ਲਾਭ ਅਮਰੀਕਾ ਨੂੰ ਹੋਵੇਗਾ। ਉਹ ਚੀਨ ਦੇ ਖਿਲਾਫ਼ ਭਾਰਤੀ ਏਅਰ ਫੋਰਸ ਦੇ ਏਅਰਬੇਸ ਨੂੰ ਵਰਤੇਗਾ ਅਤੇ ਚੀਨ ਦਾ ਨਿਸ਼ਾਨਾ ਭਾਰਤੀ ਫੌਜੀ ਟਿਕਾਣੇ ਹੋਣਗੇ। ਭਾਰਤ ਸਰਕਾਰ ਅਮਰੀਕਾ ਨੂੰ ਇਨਕਾਰ ਨਹੀਂ ਕਰ ਸਕੇਗੀ ਕਿਉਂਕਿ ਭਾਰਤ ਅਮਰੀਕਾ ਦੇ ਅਰਬਾਂ-ਖਰਬਾਂ ਡਾਲਰਾਂ ਦਾ ਕਰਜ਼ਦਾਰ ਹੈ। ਫੌਜੀ ਤਾਕਤ ਵਿਚ ਚੀਨ ਵੀ ਘੱਟ ਨਹੀਂ। ਇੰਜ ਬਰਬਾਦੀ ਅਮਰੀਕਾ ਦੀ ਨਹੀਂ ਸਗੋਂ ਭਾਰਤ ਦੀ ਹੋਵੇਗੀ। ਫਿਰ ਭਾਰਤੀ ਨੇਤਾ ਸੈਨਿਕ ਰਲੀਫ਼ ਫੰਡ ਖੜ੍ਹਾ ਕਰਕੇ ਫੰਡ ਮੰਗਣ ਲੱਗ ਜਾਣਗੇ ਜਾਂ ਜਬਰੀ ਦੇਸ਼ ਭਗਤੀ ਪੈਦਾ ਕਰਨ ਲਈ ਟੈਕਸ ਵਧਾਉਣਗੇ ਕਾਮਿਆਂ ਦੀ ਛਾਂਟੀ ਕਰਨਗੇ। ਉਜਰਤਾਂ ਤੇ ਕੱਟ ਲਾਉਣਗੇ ਜਿਵੇਂ ਹੁਣ ਕਰੋਨਾ ਦੇ ਦੌਰ ਵਿਚ ਕੀਤਾ ਹੈ। ਫਿਰ ਪ੍ਰਧਾਨ ਮੰਤਰੀ ਦੀ ਸੱਚਮੁੱਚ ਪੂਛ ਨੂੰ ਅੱਗ ਲਗਾ ਕੇ ਹਨੂੰਮਾਨ ਦੀ ਭੂਮਿਕਾ ਨਿਭਾਉਣਗੇ ਜੋ ਰਾਮ ਤੇ ਰਾਵਣ ਦੀ ਲੜਾਈ ਵਿਚ ਤੂੰ ਕੌਣ ਮੈਂ ਖਾਹਮਖਾਹ ਵਾਂਗ ਵਿਚ ਆ ਗਿਆ ਸੀ। ਇੰਜ ਭਾਰਤੀ ਭਗਵਾਂਕਰਨ ਅਮਰੀਕਾ ਤੇ ਚੀਨ ਦੀਆਂ ਮਹਾਂਸ਼ਕਤੀਆਂ ਦੇ ਸੰਨ ਵਿਚ ਆ ਕੇ ਆਪਣਾ ਹੀ ਭਾਰਤ ਫੂਕੇਗਾ। ਨੌਜਵਾਨ ਫੌਜੀਆਂ ਦੀਆਂ ਲਾਸ਼ਾਂ ਆਉਣਗੀਆਂ ਤੇ ਇਹ ਗਿਰਝਾਂ ਦੇ ਮਾਸ ਨੋਚਣ ਵਾਂਗ ਸ਼ਹੀਦ ਫੌਜੀਆਂ ਦਾ ਮਾਸ ਨੋਚਣ ਲਈ ਕਦੇ ਬੋਫਰਜ਼ ਸਕੈਂਡਲ, ਕਦੇ ਤਾਬੂਤ ਸਕੈਂਡਲ, ਕਦੇ ਰਫੇਲ ਸਕੈਂਡਲ ਵਰਗੇ ਅਨੇਕਾਂ ਸਕੈਂਡਲ ਕਰਕੇ ਸਾਨੂੰ ਥਾਲੀਆਂ, ਤਾਲੀਆਂ ਤੇ ਦੀਵੇ ਜਗਵਾ ਕੇ ਯੁੱਧ ਤੋਂ ਬਾਅਦ ਦੀਪਮਾਲਾ ਕਰਨ ਦਾ ਸੰਦੇਸ਼ ਮਨ ਦੀ ਬਾਤ ਨਹੀਂ ਸਗੋਂ ਜ਼ੁਬਾਨ ਦੇ ਬੇਲਗਾਮ ਹੋ ਜਾਣ 'ਚੋਂ ਦੇਣਗੇ।